**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ**
**ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ**
**(ਵਜੀਫਾ ਸ਼ਾਖਾ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.)(ਈਮੇਲ ਰਾਹੀਂ)
ਸਮੂਹ ਸਕੂਲ ਮੁਖੀ/ਪ੍ਰਿੰਸੀਪਲ (ਵੈਬਸਾਈਟ ਰਾਹੀਂ)

ਮੀਮੋ ਨੰ. ਈ-69266/2025181673
ਮਿਤੀ:- 01-07-2025

**ਵਿਸ਼ਾ:- ਸ਼ੈਸਨ 2025-26 ਦੌਰਾਨ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਸਬੰਧੀ।**

ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸ਼ੈਸਨ 2025-26 ਦੌਰਾਨ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਲਈ ਜਲਦ ਹੀ ***ਈ-ਪੰਜਾਬ ਪੋਰਟਲ*** **ਅਤੇ ਨੈਸ਼ਨਲ ਸਕਾਲਰਸਿਪ ਪੋਰਟਲ** ਖੋਲਿਆ ਜਾਣਾ ਹੈ। ਇਸ ਲਈ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਸਮੇਂ ਹੇਠ ਦਰਸਾਏ ਅਨੁਸਾਰ ਦਿਸਾ ਨਿਰੇਦਸ਼ ਧਿਆਨ ਵਿੱਚ ਰੱਖਣੇ ਯਕੀਨੀ ਬਣਾਏ ਜਾਣ :-

1. ਸ਼ੈਸਨ 2025-26 ਦੌਰਾਨ ਦਾਖਲੇ ਸ਼ੁਰੂ ਹੋ ਚੁੱਕੇ ਹਨ। ਇਸ ਲਈ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸ਼ਰਡ ਵਜੀਫਾ ਸਕੀਮਾਂ ਅਧੀਨ ਅਪਲਾਈ ਕਰਵਾਉਣ ਲਈ ਯੋਗ ਵਿਦਿਆਰਥੀਆਂ ਦੀ ਚੋਣ ਦਾਖਲੇ ਸਮੇਂ ਹੀ ਕਰ ਲਈ ਜਾਵੇ।
2. ਜਿਹੜੇ ਵਿਦਿਆਰਥੀ ਵਜੀਫੇ ਦੇ ਯੋਗ ਹਨ, ਉਹਨਾਂ ਦੇ ਲੋੜੀਂਦੇ ਦਸਤਾਵੇਜ ਜਿਵੇਂ ਕਿ ਇਨਕਮ ਸਰਟੀਫਿਕੇਟ, ਕਿੱਤਾ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਡੋਮੀਸਾਈਲ ਸਰਟੀਫਿਕੇਟ,ਆਧਾਰ ਨੰਬਰ ਆਦਿ ਤੁਰੰਤ ਬਣਾ ਲਏ ਜਾਣ। **ਯੋਗ ਵਿਦਿਆਰਥੀਆਂ ਦੇ ਬੈਂਕ ਅਕਾਊਂਟ ਐਕਟਿਵ ਹੋਣੇ ਚਾਹੀਦੇ ਹਨ ਅਤੇ ਬੈਂਕ ਖਾਤਾ ਆਧਾਰ ਨਾਲ ਸੀਡਿਡ ਹੋਣਾ ਚਾਹੀਦਾ ਅਤੇ ਮਰਜ ਹੋਈਆ ਬੈਂਕਾਂ ਦੇ IFSC ਕੋਡ ਅਪਡੇਟ ਹੋਣੇ ਚਾਹੀਦੇ ਹਨ।** ਇਸ ਲਈ ਇਸ ਸਬੰਧੀ ਤੁਰੰਤ ਧਿਆਨਪੂਰਵਕ ਕਾਰਵਾਈ ਕਰ ਲਈ ਜਾਵੇ।
3. ਵਜੀਫਾ ਅਪਲਾਈ ਕਰਨ ਸਮੇਂ ਆਉਂਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਸਕੂਲ ਪੱਧਰ ਤੇ ਸਕੂਲ ਮੁਖੀ ਨੂੰ *ਇਨਸਟੀਚਿਊਟ ਨੋਡਲ ਅਫਸਰ* ਅਤੇ ਜਿਲਾ ਪੱਧਰ ਤੇ ਜਿਲਾ ਸਿੱਖਿਆ ਅਫਸਰ ਨੂੰ *ਜਿਲਾ ਸੈਂਕਸਨਿੰਗ ਅਥਾਰਟੀ* ਨਿਯੁਕਤ ਕੀਤਾ ਹੋਇਆ ਹੈ।
4. ਈ-ਪੰਜਾਬ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਨ ਵਿੱਚ ਜੇਕਰ ਕਿਸੇ ਵੀ ਸਮੱਸਿਆ ਦਾ ਸਮਾਧਾਨ ਸਕੂਲ ਪੱਧਰ ਤੇ ਜਾਂ ਜਿਲਾ ਪੱਧਰ ਤੇ ਨਹੀਂ ਹੁੰਦਾ ਹੈ ਤਾਂ ਕਾਰਨ ਸਪੱਸ਼ਟ ਕਰਦੇ ਹੋਏ, ਮੁੱਖ ਦਫਤਰ ਨੂੰ ਸਮੱਸਿਆਵਾ ਦਾ ਨਿਪਟਾਰਾ ਕਰਨ ਲਈ scholarshipgrievance@gmail.com ਤੇ ਈਮੇਲ ਕੀਤੀ ਜਾਵੇ।

Scanned with CamScanner
Scanned with OKEN Scanner

5. ਜਿਲਾ ਪੱਧਰ ਤੇ ਜਿਲਾ ਵਜੀਫਾ ਨੋਡਲ ਅਫਸਰ (ਸੈਕਸ਼ਨਿੰਗ ਅਥਾਰਟੀ) ਵਿਦਿਆਰਥੀਆਂ ਅਤੇ ਸਕੂਲਾਂ ਦਾ ਰਿਕਾਰਡ ਚੰਗੀ ਤਰ੍ਹਾਂ ਚੈੱਕ ਕਰਨ ਉਪਰੰਤ ਹੀ ਵੈਰੀਫਾਈ ਕਰਕੇ ਮੁੱਖ ਦਫਤਰ ਨੂੰ ਡਾਟਾ ਫਾਰਵਰਡ ਕਰਨ ਤਾਂ ਜੋ ਯੋਗ ਵਿਦਿਆਰਥੀਆਂ ਨੂੰ ਹੀ ਵਜੀਫੇ ਦੀ ਅਦਾਇਗੀ ਹੋਵੇ।

6. ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਪੋਰਟਲ ਤੇ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

7. ਸ਼ੈਸ਼ਨ 2025-26 ਦੌਰਾਨ ਈ-ਪੰਜਾਬ ਪੋਰਟਲ ਅਤੇ ਨੈਸ਼ਨਲ ਸਕਾਲਰਸਿਪ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਸੈਂਟਰਲੀ/ਸਟੇਟ ਸਪਾਂਸਰਡ ਵਜੀਫਾ ਸਕੀਮਾਂ ਦੀਆਂ ਗਾਈਡਲਾਈਨਜ਼ ਅਨੁਸਾਰ ਉਕਤ ਦਰਸਾਏ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ, ਜੇਕਰ ਮਿੱਥੇ ਸਮੇਂ ਦੇ ਅੰਦਰ-ਅੰਦਰ ਕੋਈ ਸਕੂਲ ਯੋਗ ਵਿਦਿਆਰਥੀਆਂ ਨੂੰ ਅਪਲਾਈ ਨਹੀਂ ਕਰਵਾਉਂਦਾ ਜਾਂ ਸਕੂਲ ਪੱਧਰ /ਜਿਲਾ ਪੱਧਰ ਤੋਂ ਡਾਟਾ ਸਮੇਂ ਸਿਰ ਮੁੱਖ ਦਫਤਰ ਨੂੰ ਫਾਰਵਰਡ ਨਹੀਂ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਸਬੰਧਤਾਂ ਤੇ ਬਣਦੀ ਕਾਰਵਾਈ ਕਰਨ ਲਈ ਉੱਚ ਅਧਿਕਾਰੀਆਂ ਨੂੰ ਲਿਖ ਦਿਤਾ ਜਾਵੇਗਾ।

8. ਇਹ ਦੱਸਣਯੋਗ ਹੈ ਕਿ ਵੱਖ- ਵੱਖ ਵਜੀਫਾ ਸਕੀਮਾਂ ਲਈ ਪੋਰਟਲ ਜਲਦ ਹੀ ਖੋਲ ਦਿਤਾ ਜਾਵੇਗਾ, ਇਸ ਲਈ ਯੋਗ ਵਿਦਿਆਰਥੀਆਂ ਦੇ ਲੋੜੀਂਦੇ ਦਸਤਾਵੇਜ ਪਹਿਲਾ ਹੀ ਮੁਕੰਮਲ ਕਰਵਾ ਕੇ ਰਿਕਾਰਡ ਵਿੱਚ ਰੱਖ ਲਏ ਜਾਣ ਤਾਂ ਜੋ ਸਮੇਂ ਸਿਰ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਇਆ ਜਾ ਸਕੇ।

ਹਸਤਾਖਰ
01.07.2025
ਸਹਾਇਕ ਡਾਇਰੈਕਟਰ (ਵਜੀਫਾ)
ਮਹੋਰ

ਦਫਤਰ ਜਿਲਾ ਸਿੱਖਿਆ ਅਫਸਰ ਸ(ਸੈ:ਸਿ), ਬਠਿੰਡਾ।
ਪਿੱਠ ਅੰਕਣ ਨੰ: ਸੀ-5/(ਕ)/2025/126 ਮਿਤੀ 01-07-2025
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ। ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। e-Punjab ਤੇ ਅਪਲਾਈ ਕਰਨ ਵਾਲੇ ਵਿਦਿਆਰਥੀਆਂ ਦੇ Documents ਤਿਆਰ ਕਰਕੇ ਰੱਖ ਲਏ ਜਾਣ। ਕੋਈ ਵੀ ਯੋਗ ਵਿਦਿ. ਵਜੀਫੇ ਤੋਂ ਵਾਂਝਾ ਨਾ ਰਹਿ ਜਾਵੇ ਤਾਂ ਇਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

ਹਸਤਾਖਰ 1/7/25
ਜਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ ਮਾਨ 1/7/2025

Scanned with CamScanner

Scanned with OKEN Scanner